# ਅਦਨਾਨ ਅਬਦੁਲ ਬਾਰੀ ਨੇ ਖ਼ਾਲਸਾ ਕਾਲਜ ਅੰਮ੍ਰਿਤਸਰ ਨੂੰ 98 ਸਾਲ ਪੁਰਾਣਾ ਇਤਿਹਾਸਕ ਪੱਤਰ ਸੌਂਪਿਆ

ਖ਼ਾਲਸਾ ਕਾਲਜ ਵਰਗੀ ਮਹਾਨ ਵਿਰਾਸਤ ਵਿਖੇ 1921 ਈ. ਵਿਚ ਪੜੇ ਇਕ ਮੁਸਲਿਮ ਵਿਦਿਆਰਥੀ ਮੁਹੰਮਦ ਸਦੀਕ (ਹਾਲ ਬਜ਼ਾਰ ਅੰਮ੍ਰਿਤਸਰ) ਦੁਆਰਾ ਵਿਖੇ ਲਿਖੇ ਪੱਤਰ ਦੀ ਕਾਪੀ ਉਸਦੀ ਪੀੜ੍ਹੀ ਦੇ ਵਾਰਿਸ ਅਦਨਾਨ ਅਬਦੁਲ ਬਾਰੀ, ਫਿਰੰਗੀ ਮਹਿਲੀ ਦੁਆਰਾ ਖ਼ਾਲਸਾ ਕਾਲਜ ਦੇ ਪ੍ਰਿੰਸੀਪਲ ਡਾ. ਮਹਿਲ ਸਿੰਘ ਨੂੰ ਭੇਟ ਕੀਤੀ ਗਈ। ਜਦ ਉਹ ਕਾਲਿਆਂ ਵਾਲੇ ਬਾਗ ਦੇ 100 ਸਾਲਾ ਸਾਕੇ ਦੀ ਸ਼ਤਾਬਦੀ ਸਮਾਰੋਹ ਵਿਚ ਭਾਗ ਲੈਣ ਆਏ। ਪੱਤਰ ਵਿਚ ਮੁਹੰਮਦ ਸਦੀਕ ਨੇ ਆਪਣੇ ਮੌਲਵੀ ਜਨਾਬ ਹਜਰਤ ਸਾਹਿਬ ਕੋਲੋਂ ਸਿਵਲ ਨਾਫ਼ਰਮਾਨੀ ਲਹਿਰ ਦਾ ਹਿੱਸਾ ਬਣਨ ਦੀ ਆਗਿਆ ਮੰਗੀ ਸੀ। ਉਹਨਾਂ ਨੇ ਜਮਹੂਰੀਅਤ ਦੇ ਹੱਕ ਅਤੇ ਇਸਲਾਮੀ ਜਗਤ ਦੀ ਸੇਵਾ ਲਈ ਅਵਾਜ਼ ਬੁਲੰਦ ਕੀਤੀ, ਜੋ ਕਿ ਕਈ ਮੁਸ਼ਕਿਲਾਂ ਵਿਚੋਂ ਗੁਜ਼ਰ ਰਿਹਾ ਸੀ। ਸੇਵਾ ਲਈ ਉਹਨਾਂ ਅਹਿੰਸਾ ਦਾ ਰਾਹ ਚੁਣਦਿਆਂ ਗਾਂਧੀਵਾਦੀ ਵਿਚਾਰਧਾਰਾ ਨੂੰ ਅਪਣਾਇਆ ਜੋ ਕਿ ਧਰਮ ਦੀਆਂ ਵਲਗਣਾ ਤੋਂ ਉੱਪਰ ਸਾਂਝੀਵਾਲਤਾ ਦਾ ਸੰਦੇਸ਼ ਵੀ ਦਿੰਦਾ ਹੈ। ਇਸੇ ਸੋਚ ਕਾਰਨ ਗਾਂਧੀ ਜੀ ਨੇ ਉਹਨਾਂ ਨੂੰ ਹਿੰਦੂ ਅਤੇ ਮੁਸਲਮਾਨਾਂ ਦੇ ਸਾਂਝੇ ਨੇਤਾ ਘੋਸ਼ਿਤ ਕੀਤਾ। ਆਪ ਜਿੱਥੇ ਗਾਂਧੀ ਜੀ ਦੇ ਚੰਗੇ ਮਿੱਤਰ ਬਣੇ ਉੱਥੇ ਅੰਮ੍ਰਿਤਸਰ ਵਿਖੇ ਜਲਿਆਂਵਾਲੇ ਬਾਗ ਵਿਚ ਉਨ੍ਹਾਂ ਨੇ ਡੈਲੀਗੇਸ਼ਨ ਵੀ ਭੇਜਿਆ।

ਇਸ ਮੌਕੇ ਖ਼ਾਲਸਾ ਕਾਲਜ ਦੇ ਪ੍ਰਿੰਸੀਪਲ ਡਾ. ਮਹਿਲ ਸਿੰਘ ਜੀ ਨੇ ਅਦਨਾਨ ਅਬਦੁੱਲ ਬਾਰੀ ਦਾ ਤਹਿ ਦਿਲੋਂ ਧੰਨਵਾਦ ਕੀਤਾ ਕਿ ਉਹਨਾਂ ਇਕ ਇਤਿਹਾਸਕ ਦਸਤਾਵੇਜ਼ ਕਾਲਜ ਦੇ ਹਵਾਲੇ ਕੀਤਾ ਹੈ। ਇਸ ਮੌਕੇ ਤੇ ਪ੍ਰੋ. ਦਵਿੰਦਰ ਸਿੰਘ (ਰਜਿਸਟਰਾਰ), ਡਾ. ਸੁਖਮੀਨ ਬੇਦੀ (ਡੀਨ), ਪ੍ਰੋ. ਨਵਨੀਨ ਬਾਵਾ (ਓ.ਐੱਸ.ਡੀ.), ਡਾ. ਆਤਮ ਸਿੰਘ ਰੰਧਾਵਾ (ਮੁਖੀ ਪੰਜਾਬੀ ਵਿਭਾਗ) ਅਤੇ ਡਾ. ਮਨੋਹਰ ਸਿੰਘ ਬਤਰਾ (ਮੁਖੀ ਕਮਿਸਟਰੀ ਵਿਭਾਗ) ਆਦਿ ਹਾਜ਼ਰ ਸਨ।